# ਸਰਦੀਆਂ ਦੀਆਂ ਸਬਜ਼ੀਆ ਦੇ ਕੀੜੇ-ਮਕੌੜੇ ਅਤੇ ਰੋਕਥਾਮ

| ਸਬਜ਼ੀਆਂ | ਬਿਮਾਰੀਆਂ ਅਤੇ ਨਿਸ਼ਾਨੀਆਂ | ਰੋਕਥਾਮ ਦੇ ਢੰਗ |
|---|---|---|
| ਮਟਰ | 1.ਚਿੱਟਾ ਰੋਗ:<br>ਚਿੱਟੇ ਆਟੇ ਵਰਗੇ ਧੱਬ ਪੌਦਿਆਂ ਦੇ ਤਣਿਆਂ, ਸ਼ਾਖਾਂ, ਪੱਤਿਆਂ ਅਤੇ ਫ਼ਲੀਆਂ ਉਤੇ ਪੈਦਾ ਹੋ ਜਾਦੇ ਹਨ ।  | ਇੱਕ ਏਕੜ ਫ਼ਸਲ ਉਤੇ 80 ਮਿਲੀਲਿਟਰ ਕੈਰਾਥੇਨ 40 ਤਾਕਤ ਜਾਂ 600 ਗ੍ਰਾਮ ਸਲਫ਼ੈਕਸ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਤਿੰਨ ਛਿੜਕਾਅ 10 ਦਿਨਾਂ ਦੇ ਵਕਫ਼ੇ ਤੇ ਕਰੋ । |
| | 2. ਉਖੇੜਾ ਤੇ ਜੜ੍ਹਾਂ ਅਤੇ ਗਿੱਚੀ ਦਾ ਗਲਣਾ:<br>ਇਸ ਰੋਗ ਨਾਲ ਜੜ੍ਹਾਂ ਗਲ ਜਾਂਦੀਆਂ ਹਨ ਅਤੇ ਹੇਠਲੇ ਪੱਤੇ ਪੀਲੇ ਹੋ ਜਾਂਦੇ ਹਨ ਅਤੇ ਬਾਅਦ ਵਿੱਚ ਪੌਦਾ ਮਰ ਜਾਂਦਾ ਹੈ । ਗਿੱਚੀ ਵਾਲੇ ਭਾਗ ਤੇ ਲਾਲ ਭੁਰੇ ਧੱਬੇ ਪੈਦਾ ਹੋ ਜਾਂਦੇ ਹਨ ।  | 1.ਜਿਥੇ ਇਹ ਰੋਗ ਵਧੇਰੇ ਲੱਗਦਾ ਹੈ ਉਥੇ ਮਟਰ ਦੀ ਫ਼ਸਲ ਅਗੇਤੀ ਨਾ ਬੀਜੋ ਕਿਉਂਕਿ ਅਗੇਤੀ ਫ਼ਸਲ ਨੂੰ ਰੋਗ ਜ਼ਿਆਦਾ ਲੱਗਦਾ ਹੈ।<br>2. ਬੀਜ ਨੂੰ ਬੀਜਣ ਤੋਂ ਪਹਿਲਾਂ ਇੱਕ ਗ੍ਰਾਮ ਬਾਵਿਸਟਨ ਜਾਂ 2 ਗ੍ਰਾਮ ਕੈਪਟਾਨ ਜਾਂ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ 15 ਗ੍ਰਾਮ+1 ਗ੍ਰਾਮ ਕੈਪਟਾਨ ਪ੍ਰਤੀ ਕਿਲੋ ਬੀਜ ਨਾਲ ਸੋਧ ਕੇ ਬੀਜਣਾ ਚਾਹੀਦਾ ਹੈ । |

| | | |
|---|---|---|
| | 3. ਕੁੰਗੀ:<br>ਦਸੰਬਰ-ਜਨਵਰੀ ਵਿੱਚ ਪੱਤਿਆਂ ਦੇ ਹੇਠਲੇ ਪਾਸੇ ਪੀਲੇ ਤੇ ਭੂਰੇ ਰੰਗ ਦੇ ਗੋਲ ਉਭਰਵੇਂ ਧੱਬੇ ਪੈਦਾ ਹੋ ਜਾਂਦੇ ਹਨ । ਇਸ ਬਿਮਾਰੀ ਦਾ ਪਛੇਤੀ ਫ਼ਸਲ ਤੇ ਹਮਲਾ ਵਧੇਰੇ ਹੁੰਦਾ ਹੈ ।<br> | 1. ਪਹਿਲਾ ਛਿੜਕਾਅ 400 ਗ੍ਰਾਮ ਇੰਡੋਫਿਲ ਐਮ-45 ਨੂੰ 200 ਲਿਟਰ ਪਾਣੀ ਵਿੱਚ ਪਾ ਕੇ ਦਸੰਬਰ ਦੇ ਅੰਤ ਵਿੱਚ ਕਰੋ। ਬਾਕੀ ਦੇ 3 ਛਿੜਕਾਅ 10 ਦਿਨਾਂ ਦੇ ਵਕਫ਼ੇ ਤੇ ਕਰੋ ।<br>2. ਖੇਤ ਨੂੰ ਰਿਵਾੜੀ ਨਦੀਨ ਤੋਂ ਮੁਕਤ ਰੱਖੋ ਕਿਉਂਕਿ ਇਸ ਤੋਂ ਬਿਮਾਰੀ ਮਟਰ ਦੀ ਫ਼ਸਲ ਤੇ ਆ ਸਕਦੀ ਹੈ ।<br>3. ਚਿੱਟੋ ਅਤੇ ਕਗੂੰੀ ਦੋਹਾਂ ਨੂੰ ਇਕੱਠਿਆਂ ਕਰਨ ਲਈ ਕੈਰਾਥੇਨ 80 ਮਿਲੀਲਿਟਰ ਜਾਂ ਸਲਫੈਕਸ 200 ਗ੍ਰਾਮ ਨੂੰ ਇੰਡੋਫਿਲ ਐਮ-45, 400 ਗ੍ਰਾਮ ਵਿੱਚ ਰਲਾ ਕੇ ਪ੍ਰਤੀ ਏਕੜ ਛਿੜਕਾਅ ਕਰੋ। |
| | 4. ਵਾਈਟ ਰਾਟ:<br>ਪੱਤਿਆਂ, ਤਣੇ ਅਤੇ ਫ਼ਲੀ ਉੱਪਰ ਪਾਣੀ ਭਿੱਜੇ ਬੇਤਰਤੀਬੇ ਧੱਬੇ (ਸਪਾਟ) ਬਣ ਜਾਂਦੇ ਹਨ।<br>ਪ੍ਰੰਤੂ ਇਹ ਰੋਗ ਜ਼ਿਆਦਾਤਰ ਫ਼ਲੀ ਉੱਪਰ ਦਿਖਾਈ ਦਿੰਦਾ ਹੈ ਜੋ ਬਾਅਦ ਵਿਚ ਭੂਰੇ ਰੰਗ ਦੀ ਖ਼ੁਰ੍ਹਦਰੀ ਪੇਪੜੀ ਬਣ ਜਾਂਦੀ ਹੈ । ਇਸ ਉੱਪਰ ਠੰਢੇ ਤੇ ਸਲ੍ਹਾਬ ਵਾਲੇ ਮੌਸਮ ਵਿਚ ਚਿੱਟੇ ਰੰਗ ਦਾ ਮਾਦਾ ਬਣਦਾ ਹੈ ਜੋ ਬਾਅਦ ਵਿਚ ਸਖ਼ਤ ਹੋ ਕੇ ਕਾਲੇ ਰੰਗ ਦੇ ਦਾਣੇ (ਸਕਲੋਰਸ਼ੀਆ) ਫ਼ਲੀ ਵਿਚ ਬਣ ਜਾਂਦੇ ਹਨ । ਜੋ ਅਸਲ ਵਿਚ ਉੱਲੀ ਦੇ ਜੀਵਾਣੂੰ ਹੁੰਦੇ ਹਨ । ਇਹ ਬਿਮਾਰੀ ਫੁੱਲ ਪੈਣ ਤੇ ਫ਼ਲੀ ਬਣਨ ਦੀ ਅਵਸਥਾ ਤੇ ਜ਼ਿਆਦਾ ਗੰਭੀਰ ਹੁੰਦੀ ਹੈ । | 1. ਮਟਰ ਦੀ ਫ਼ਸਲ ਨੂੰ ਬਿਮਾਰੀ ਲੱਗਣ ਵਾਲੀਆਂ ਫ਼ਸਲਾਂ ਜਿਵੇਂ ਬੈਂਗਣ, ਗੋਭੀ, ਮਟਰ ਅਤੇ ਗਾਜਰ ਦੀ ਕਾਸ਼ਤ ਮਟਰ ਤੋਂ ਬਾਅਦ ਨਾ ਕਰੋ। ਸਗੋਂ ਟਮਾਟਰ ਅਤੇ ਮਿਰਚਾਂ ਦੀ ਫ਼ਸਲ ਲਗਾਈ ਜਾ ਸਕਦੀ ਹੈ । ਇਸ ਨਾਲ ਬਿਮਾਰੀ ਦੇ ਜੀਵਾਣੂੰ ਦਾ ਖੇਤ ਵਿਚ ਵਾਧਾ ਅਤੇ ਬਿਮਾਰੀ ਘੱਟ ਜਾਵੇਗੀ ।<br>2. ਪੌਦਿਆਂ ਦੀ ਰਹਿੰਦਖੂੰਦ ਨੂੰ ਇਕੱਠਾ ਕਰਕੇ ਨਸ਼ਟ ਕਰ ਦੇਣਾ ਚਾਹੀਦਾ ਹੈ । |

<table>
<tr><td></td><td></td><td></td></tr>
<tr><td>ਆਲੂ</td><td>1. ਪਿਛੇਤਾ ਝੁਲਸ ਰੋਗ:<br>ਗੁਦਾਮ ‘ਚੋਂ ਆਉਣ ਵਾਲੇ ਰੋਗੀ ਆਲੂ ਇਸ ਦਾ ਮੂਲ ਸੋਮਾ ਹਨ । ਉੱਗਣ ਤੋਂ ਪਿੱਛੋਂ ਲੱਗਰਾਂ ਤੇ ਪੱਤਿਆਂ ਨੂੰ ਬਿਮਾਰੀ ਲੱਗ ਜਾਂਦੀ ਹੈ । ਪਾਣੀ ਸਿੰਮਦੇ ਧੱਬੇ ਪੱਤਿਆਂ ਦੇ ਕਿਨਾਰਿਆਂ ਤੇ ਬਣਦੇ ਹਨ ਜੋ ਕਿ ਬਾਅਦ ਵਿੱਚ ਕਾਲੇ ਪੈ ਜਾਂਦੇ ਹਨ । ਕਾਲੇ ਧੱਬਿਆਂ ਤੋਂ ਬਾਅਦ ਵਿਚੱ ਚਿਟੀ ਉਲੀੰ ਪੱਤਿਆਂ ਦੇ ਹੇਠਲੇ ਪਾਸੇ ਸਵੇਰ ਸਮੇਂ ਨਜ਼ਰ ਆਉਂਦੀ ਹੈ । ਕਾਲੇ ਧੱਬੇ ਇਸ ਹੱਦ ਤੱਕ ਵਧ ਜਾਂਦੇ ਹਨ ਕਿ ਜੇ ਮੌਸਮ ਸਿੱਲ੍ਹਾ ਰਹੇ ਤਾਂ ਕੁਝ ਹੀ ਦਿਨਾਂ<br>ਵਿੱਚ ਸਾਰੀ ਪੱਤਰਾਲ ਨੂੰ ਤਬਾਹ ਕਰ ਸਕਦੇ ਹਨ । ਸੜ ਰਹੇ ਪਤਿਆਂ ਵਿਚੱੋਂ ਬਦਬੂ ਆਉਂਦੀ ਹੈ। ਆਲੂਆਂ ਉੱਤੇ ਭੂਰੇ ਰੰਗ ਦੇ ਚਟਾਖ ਪੈ ਜਾਂਦੇ ਹਨ ਤੇ ਅਕਸਰ ਆਲੂ ਪੁੱਟਣ ਤੋਂ ਪਹਿਲਾਂ ਹੀ ਜ਼ਮੀਨ ਵਿੱਚ ਗਲ ਜਾਂਦੇ ਹਨ ।<br></td><td>1. ਅਰੋਗ ਬੀਜ ਹੀ ਬੀਜੋ ।<br>2. ਬਿਮਾਰ ਤੇ ਨਾਕਸ ਆਲੂਆਂ ਨੂੰ ਗੁਦਾਮ ਵਿੱਚੋਂ ਕੱਢਣ ਤੇ ਛਾਂਟੀ ਪਿੱਛੋਂ ਢੇਰਾਂ ਵਿੱਚ ਨਾ ਛੱਡੋ ਸਗੋਂ ਟੋਏ ਕੱਢ ਕੇ ਦੱਬ ਦਿਉ ।<br>3. ਆਲੂਆਂ ਨੂੰ ਛੂਤ ਤੋਂ ਬਚਾਉਣ ਲਈ ਵੱਟਾ ਮੋਟੀਆਂ ਤੇ ਉੱਚੀਆਂ ਬਣਾਉ ।<br>4. ਫ਼ਸਲ ਤੇ ਇੰਡੋਫਿਲ ਐਮ-45/ਕਵਚ/ ਐਂਟਰਾਕੋਲ 500-700 ਗ੍ਰਾਮ ਜਾਂ ਕਾਪਰ ਅਕੌਸੀਕਲਰੋਈਡ 50 ਡਬਲਯੁ ਪੀ 750-1000 ਗ੍ਰਾਮ ਪਤ੍ਰੀ ਏਕੜ ਛਿੜਕਾਅ 250-350 ਲਿਟਰ ਪਾਣੀ ਵਿੱਚ ਘੋਲ ਕੇ ਨਵੰਬਰ ਦੇ ਪਹਿਲੇ ਹਫ਼ਤੇ ਕਰੋ ਜਦ ਕਿ ਹਾਲੇ ਬਿਮਾਰੀ ਨਾ ਹੋਵੇ । ਸੱਤ-ਸੱਤ ਦਿਨ ਦੀ ਵਿੱਥ ਤੇ ਇਸ ਛਿੜਕਾਅ ਨੂੰ 5 ਵਾਰ ਦੁਹਰਾਉ । ਜਿਥੇ ਬਿਮਾਰੀ ਦਾ ਖਤਰਾ ਵਧਰੇ ਹੋਵੇ ਉਥੇ ਤੀਜਾ ਤੇ ਚੌਥਾ ਛਿੜਕਾਅ ਇੰਡੋਫਿਲ ਐਮ- 45/ਕਵਚ ਐਂਟਰਾਕੋਲ ਦੀ ਥਾਂ ਰਿਡੋਮਿਲ ਗੋਲਡ ਜਾਂ ਕਰਜ਼ੇਟ ਐਮ-8 ਜਾਂ ਸੈਕਟਿਨ 60 ਡਬਲਯੂ ਜੀ 700 ਗ੍ਰਾਮ ਜਾਂ ਇਕੂਏਸ਼ਨ ਪ੍ਰੋ 200 ਮਿ.ਲਿ. ਪ੍ਰਤੀ ਏਕੜ ਦੇ ਹਿਸਾਬ 10 ਦਿਨ ਦੇ ਵਕਫੇ ਤੇ ਕਰੋ ਅਤੇ ਉਸ ਪਿੱਛੋਂ ਫੇਰ ਇੰਡੋਫਿਲ ਐਮ- 45/ਕਵਚ/ਐਂਟਰਾਕੋਲ ਹੀ ਵਰਤੋ।<br>ਜੇਕਰ ਪਹਿਲਾਂ ਫ਼ਸਲ ਤੇ ਬਿਮਾਰੀ ਆਈ ਹੋਵੇ ਤਾਂ ਪਿਛੇਤੀ ਜਾਂ ਬਹਾਰ ਰੁੱਤ ਦੀ ਫ਼ਸਲ ਤੇ ਬਿਮਾਰੀ ਆਉਣ ਦਾ ਖ਼ਤਰਾ ਵਧੇਰੇ ਹੁੰਦਾ ਹੈ । ਇਸ ਲਈ ਫ਼ਸਲ ਤੇ ਪਹਿਲਾ ਛਿੜਕਾਅ ਰਿਡੋਮਿਲ ਗੋਲਡ/ ਸਕੈ ਟਿਨ 60 ਡਬਲਯੁ ਜੀ/ਕਜ਼ਰੇਟ ਐਮ -8, 500 ਗ੍ਰਾਮ ਜਾਂ ਈਕੂਏਸ਼ਨ ਪ੍ਰੋ 200 ਮਿ.ਲਿ. ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ । ਇਸ ਤੋਂ ਬਾਅਦ ਤਿੰਨ ਛਿੜਕਾਅ ਇੰਡੋਫਿਲ ਐਮ-45/ਕਵਚ/ ਐਂਟਰਾਕੋਲ 700 ਗ੍ਰਾਮ ਪ੍ਰਤੀ ਏਕੜ ਨਾਲ 7 ਦਿਨਾਂ ਦੇ ਵਕਫ਼ੇ ਤੇ ਕਰੋ ।</td></tr>
</table>

| | | |
|---|---|---|
| | 2. ਅਗੇਤਾ ਝੁਲਸ ਰੋਗ:<br>ਇਹ ਬਿਮਾਰੀ ਬਹੁਤ ਪ੍ਰਤੱਖ ਰੂਪ ਵਿਚੱ ਨਹੀਂ ਦਿਸਦੀ ਅਤੇ ਹਲਕੀਆਂ ਜ਼ਮੀਨਾਂ ਵਿੱਚ ਵਧੇਰੇ ਨੁਕਸਾਨ ਕਰਦੀ ਹੈ । ਪੱਤਿਆਂ ਤੇ ਭੂਰੇ ਧੱਬੇ ਇਧਰ-ਉਧਰ ਨਜ਼ਰ ਆਉਂਦੇ ਹਨ ਜੋ ਅਕਸਰ ਪੱਤੇ ਦੇ ਸਿਰੇ ਜਾਂ ਕਿਨਾਰਿਆਂ ਵੱਲ ਵਧੇਰੇ ਹੁੰਦੇ ਹਨ। ਇਨ੍ਹਾਂ ਧੱਬਿਆਂ ਵਿੱਚ ਪਿੱਛੋਂ ਕੁਝ ਕੇਂਦਰਤ ਚੱਕਰ ਨਜ਼ਰ ਆਉਂਦੇ ਹਨ ਅਤੇ ਧੱਬਾ ਅੰਗੂਠਾ ਛਾਪ ਦੀ ਤਰ੍ਹਾਂ ਲੱਗਦਾ ਹੈ । ਪੁਰਾਣੇ ਧੱਬੇ ਗੂੜੇ ਭੂਰੇ ਹੋ ਜਾਂਦੇ ਹਨ ।<br> | ਫ਼ਸਲ ਤ` ਇਡੰ ੋਿ ਫਲ ਅਮੈ -45 ਜਾਂ ਕਾਪਰ ਆਕਸੀ ਕਲੋਰਾਈਡ ਦਾ ਛਿੜਕਾਅ ਉਸੇ ਤਰ੍ਹਾਂ ਕਰੋ ਜਿਵੇਂ ਪਛੇਤੇ ਝੁਲਸ ਰੋਗ ਲਈ ਦੱਸਿਆ ਹੈ । |

| | | |
|---|---|---|
| | 3. ਖਰੀਂਢ ਰੋਗ :<br>ਰੋਗੀ ਆਲੂਆਂ ਉੱਤੇ ਖੁਰ੍ਹਦਰੇ ਕਾਲੇ ਰੰਗ ਦੇ ਖਰੀਂਢ ਪੈਦਾ ਹੋ ਜਾਦੇ ਹਨ। ਰੋਗੀ ਆਲੂਆਂ ‘ਚੋਂ ਪੈਦਾ ਹੋਏ ਬੂਟੇ ਮੁਰਝਾਏ ਹੋਏ ਜਾਪਦੇ ਹਨ ।<br><br><br>4. ਗੁੱਛਾ ਮੁੱਛਾ ਰੋਗ:<br>ਗੁੱਛਾ ਮੁੱਛਾ ਰੋਗ ਨਾਲ ਪੱਤਿਆਂ ਉਤੇ ਥਿੰਮ ਜਿਹੇ, ਜਿਹੜੇ ਚਿੱਟੇ ਤੋਂ ਵਧੇਰੇ ਚਿੱਟੇ ਰੰਗ ਦੇ ਹੁੰਦੇ ਹਨ, ਪ੍ਰਗਟ ਹੋ ਜਾਂਦੇ ਹਨ । ਗੰਭੀਰ ਹਾਲਤ ਵਿਚ ਪੱਤਿਆਂ ਤੇ ਵੱਟ ਪੈ ਜਾਂਦੇ ਹਨ ਅਤੇ ਪੱਤੇ ਵਲੇਟੇ ਜਾਂਦੇ ਹਨ ਅਤੇ ਬੂਟੇ ਛੋਟੇ ਰਹਿ ਜਾਂਦੇ ਹਨ । | 1. ਸਿਹਤਮੰਦ ਤੇ ਨਰੋਏ ਬੀਜ ਦੀ ਵਰਤੋਂ ਕਰੋ।<br>2. ਬੀਜੇ ਜਾਣ ਵਾਲੇ ਆਲੂ 10 ਮਿੰਟਾਂ ਲਈ 0.25% ਮੋਨਸਰਨ 250 ਐਸ ਸੀ ਜਾਂ ਟੈਫ਼ਾਸਨ ਜਾਂ ਐਮੀਸਾਨ (2.5 ਮਿ.ਲਿ. ਪ੍ਰਤੀ ਲਿਟਰ ਪਾਣੀ) ਦੇ ਘੋਲ ਨਾਲ ਰੋਗ ਰਹਿਤ ਕਰ ਲੈਣੇ ਚਾਹੀਦੇ ਹਨ ।<br>ਜਾਂ<br>ਬੀਜ ਵਾਲੇ ਆਲੂਆਂ ਨੂੰ 10 ਮਿੰਟ ਲਈ 10 ਗ੍ਰਾਮ ਗਿੱਲੀ ਟ੍ਰਾਈਕੋਡਰਮਾ ਫਾਰਮੂਲੇਸ਼ਨ ਅਤੇ 20 ਗ੍ਰਾਮ ਸੀਰਾ ਪ੍ਰਤੀ ਲਿਟਰ ਪਾਣੀ ਦੇ ਘੋਲ ਵਿੱਚ ਡੁਬੋ ਕੇ ਸੋਧ ਲਉ । ਸੋਧੇ ਹੋਏ ਬੀਜ ਨੂੰ ਬਿਜਾਈ ਤੋਂ ਪਹਿਲਾਂ 24 ਘੰਟੇ ਲਈ ਛਾਵੇਂ ਰੱਖੋ।<br><br>1. ਕੇਵਲ ਪ੍ਰਮਾਣਿਤ ਕਿਸਮਾਂ ਦਾ ਰੋਗ ਰਹਿਤ ਬੀਜ ਰੱਖਣਾ ਚਾਹੀਦਾ ਹੈ ।<br>2. ਆਪਣਾ ਰੋਗ ਰਹਿਤ ਬੀਜ 3-4 ਸਾਲ ਲਈ ਬੀਜ ਪਲਾਟ ਢੰਗ ਦੁਆਰਾ ਤਿਆਰ ਕਰ ਲੈਣਾ ਚਾਹੀਦਾ ਹੈ ।<br>3. ਇਸ ਦੀ ਰੋਕਥਾਮ ਲਈ 5 ਕਿਲੋ ਥਿਮਟ 10 ਜੀ ਮਿੱਟੀ ਚਾੜ੍ਹਨ ਸਮੇਂ ਜ਼ਮੀਨ ਵਿਚ ਮਿਲਾ ਦਿਉ । ਇਸ ਤੋਂ ਬਾਅਦ ਕੋਈ ਕੀੜੇਮਾਰ ਦਵਾਈ ਵਰਤਣ ਦੀ ਲੋੜ ਨਹੀਂ । |

| | | |
|---|---|---|
| | <br><br>5. ਆਲੂਆਂ ਦਾ ਕੋਹੜ:<br>ਆਲੂਆਂ ਉਪਰ ਡੂੰਘੇ ਤੇ ਗੋਲ ਧੱਬੇ ਪੈ ਜਾਂਦੇ ਹਨ ਜੋ 0.5 ਤੋਂ 1.0 ਸੈਂਟੀਮੀਟਰ ਵਿਆਸ ਵਾਲੇ ਹੁੰਦੇ ਹਨ।<br> | 1. ਬੀਜ ਰੋਗ ਰਹਿਤ ਬੀਜੋ ।<br>2. ਹਰੀ ਖਾਦ ਦੀ ਵਰਤੋਂ ਕਰੋ ।<br>3. ਬੀਜ ਨੂੰ 0.25% ਐਮੀਸਾਨ ਦੇ ਘੋਲ ਵਿਚ 10 ਮਿੰਟ ਡੋਬੋ ।<br>4. ਫ਼ਸਲ ਨੂੰ ਸੋਕਾ ਨਾ ਲੱਗਣ ਦਿਓ । |

| | | |
|---|---|---|
| | 6. ਪੱਤਿਆਂ ਦੇ ਧੱਬਿਆਂ ਦਾ ਰੋਗ:<br>ਇਸ ਰੋਗ ਨਾਲ ਪੌਦੇ ਦੇ ਪੁਰਾਣੇ ਪੱਤਿਆਂ ਦੇ ਹੇਠਲੇ ਪਾਸੇ ਛੋਟੇ-ਛੋਟੇ ਲਾਲ ਭੂਰੇ ਗੋਲ ਤੇ ਨੁਕਰਾਂ ਵਾਲੀ ਸ਼ਕਲ ਦੇ ਧੱਬੇ ਪੈ ਜਾਂਦੇ ਹਨ । ਇਹ ਨਿੱਕੇ ਨਿੱਕੇ ਧੱਬੇ ਮਿਲ ਕੇ ਵੱਡੇ ਆਕਾਰ ਦੇ ਗੂੜ੍ਹੇ ਭੂਰੇ ਤੇ ਕਾਲੇ ਰੰਗ ਦੇ ਹੋ ਜਾਂਦੇ ਹਨ । ਇਨ੍ਹਾਂ ਧੱਬਿਆਂ ਦਾ ਰੰਗ ਵਿਚਕਾਰੋਂ ਸਲੇਟੀ ਹੁੰਦਾ ਹੈ। ਇਸ ਰੋਗ ਦਾ ਹਮਲਾ ਅਗੇਤੀ ਬੀਜੀ ਗਈ ਫ਼ਸਲ ਉੱਤੇ ਜ਼ਿਆਦਾ ਹੁੰਦਾ ਹੈ । | ਫ਼ਸਲ ਉਪਰ ਉਨ੍ਹਾਂ ਦਵਾਈਆਂ ਦਾ ਛਿੜਕਾਅ ਕਰੋ ਜਿਨ੍ਹਾਂ ਦੀ ਸਿਫ਼ਾਰਸ਼ ਅਗੇਤਾ ਝੁਲਸ ਰੋਗ ਦੀ ਰੋਕਥਾਮ ਲਈ ਕੀਤੀ ਗਈ ਹੈ । |
| ਗਾਜਰ<br>ਫੁੱਲ ਗੋਭੀ<br>ਬੰਦ ਗੋਭੀ | 1. ਪਨੀਰੀ ਦਾ ਮਰਨਾ :<br>ਬੂਟੇ ਉਗਣ ਤੋਂ ਪਹਿਲਾਂ ਤੇ ਬਾਅਦ ਵਿੱਚ ਮਰ ਜਾਂਦੇ ਹਨ । | ਬੀਜ ਨੂੰ ਤਿੰਨ ਗ੍ਰਾਮ ਕੈਪਟਾਨ ਜਾਂ ਥੀਰਮ ਨਾਲ ਪ੍ਰਤੀ ਕਿਲੋ ਬੀਜ ਦੇ ਹਿਸਾਬ ਸੋਧ ਕੇ ਬੀਜੋ ।<br>2. ਮਿੱਟੀ ਨੂੰ ਬੂਟਿਆਂ ਦੇ ਨੇੜਿਉਂ 200 ਗ੍ਰਾਮ ਕੈਪਟਾਨ ਦਵਾਈ ਦੇ 100 ਲਿਟਰ ਪਾਣੀ ਵਿੱਚ ਘੋਲ ਨਾਲ ਭਿਉਂ ਦਿਉ । ਇਹ ਬਿਜਾਈ ਤੋਂ ਸੱਤਵੇਂ ਤੇ ਪੰਦਰ੍ਹਵੇਂ ਦਿਨ ਕਰੋ । |

| | | |
|---|---|---|
| | 2. ਕਾਲੇ ਧੱਬੇ :<br>ਪੱਤਿਆਂ ਦੇ ਕੋਨਿਆਂ ਉਪਰ ਵੀ (V) ਵਰਗੇ ਚਟਾਖ ਪੈ ਜਾਂਦੇ ਹਨ ਅਤੇ ਬਾਅਦ ਵਿੱਚ ਇਨ੍ਹਾਂ ਦੀਆਂ ਨਾੜੀਆਂ ਕਾਲੀਆਂ ਭੂਰੀਆਂ ਹੋ ਜਾਂਦੀਆਂ ਹਨ । ਪੱਤੇ ਕਰੂਪ ਹੋ ਕੇ ਸੱਕੁ -ਸੜ ਜਾਂਦੇ ਹਨ । ਗੋਭੀ ਦੇ ਫਲੁੱਾਂ ਉੱਤੇ ਵੀ ਇਸ ਬਿਮਾਰੀ ਦਾ ਅਸਰ ਹੁੰਦਾ ਹੈ ਜੋ ਕਿ ਗਲ ਜਾਂਦੇ ਹਨ ।<br> | 1. ਬੀਜ ਨਰੋਈ ਫ਼ਸਲ ਵਾਲੇ ਇਲਾਕੇ ਤੋਂ ਲਉ ।<br>2. ਬੀਜ ਨੂੰ 50 ਡਿਗਰੀ ਸੈਲਸੀਅਸ ਵਾਲੇ ਪਾਣੀ ਵਿੱਚ 30 ਮਿੰਟ ਲਈ ਡੁਬੋ ਲਵੋ ਅਤੇ ਫਿਰ ਸੁਕਾ ਲਉ । ਬਿਜਾਈ ਤੋਂ ਪਹਿਲਾਂ ਇੱਕ ਕਿਲੋ ਬੀਜ ਨੂੰ 3 ਗ੍ਰਾਮ ਥੀਰਮ ਜਾਂ ਕੈਪਟਾਨ ਦਵਾਈ ਨਾਲ ਸੋਧ ਲਵੋ<br>3. ਫ਼ਸਲ ਨੂੰ 200 ਲਿਟਰ ਪਾਣੀ ਵਿੱਚ 40 ਗ੍ਰਾਮ ਸਟਰੈਪਟੋਸਾਈਕਲੀਨ ਤੇ 200 ਗ੍ਰਾਮ ਕਾਪਰ ਆਕਸੀਕਲੋਰਾਈਡ ਦੇ ਘੋਲ ਨੂੰ ਬਿਮਾਰੀ ਦੀ ਗੰਭੀਰਤਾ ਅਨੁਸਾਰ ਦੋ-ਤਿੰਨ ਵਾਰ ਛਿੜਕੋ ।<br>4. ਪੁਟਾਈ ਮਗਰੋਂ ਬਿਮਾਰ ਬੂਟੇ ਕੱਢ ਦਿਉ ਅਤੇ ਰਹਿੰਦ-ਖੂੰਹਦ ਦਾ ਨਾਸ਼ ਕਰ ਦਿਉ । |
| | 3. ਗੋਲ ਧੱਬੇ (ਬਲਾਈਟ):<br>ਹੇਠਲੇ ਪੱਤਿਆਂ ਤੇ ਗੋਲ ਧੱਬੇ ਪੈ ਜਾਂਦੇ ਹਨ । ਗੋਭੀ ਦੇ ਫੁੱਲ ਇਸ ਬਿਮਾਰੀ ਦੇ ਅਸਰ ਨਾਲ ਗਲ ਜਾਂਦੇ ਹਨ । ਬੀਜ ਵਾਲੀ ਫ਼ਸਲ ਦੀਆਂ ਫ਼ਲੀਆਂ ਤੇ ਵੀ ਭੁਰੇ ਧੱਬੇ ਪੈ ਜਾਂਦੇ ਹਨ ।<br> | 1. ਬੀਜ ਨੂੰ ਤਿੰਨ ਗ੍ਰਾਮ ਕੈਪਟਾਨ ਜਾਂ ਥੀਰਮ ਨਾਲ ਪ੍ਰਤੀ ਕਿਲੋ ਬੀਜ ਦੇ ਹਿਸਾਬ ਸੋਧ ਕੇ ਬੀਜੋ ।<br>2. ਫ਼ਸਲ ਉਪਰ ਹਫ਼ਤੇ ਦੀ ਵਿੱਥ ਤੇ 500 ਗ੍ਰਾਮ ਇੰਡੋਫਿਲ ਐਮ-45 ਦਾ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।<br>3. ਬਿਮਾਰ ਬੂਟੇ ਤੇ ਰਹਿੰਦ-ਖੂੰਹਦ ਨਸ਼ਟ ਕਰ ਦਿਉ ।<br>4. ਜੇਕਰ ਕਾਲੇ ਧੱਬਿਆਂ ਦਾ ਰੋਗ ਅਤੇ ਬਲਾਈਟ ਇਕੱਠੇ ਆਉਣ ਤਾਂ 30 ਗ੍ਰਾਮ ਐਗਰੀਮਾਈਸੀਨ 100 ਨੂੰ ਇੰਡੋਫਿਲ ਐਮ-45 ਦੇ ਘੋਲ ਵਿੱਚ ਰਲਾ ਕੇ ਸਪਰੇਅ ਕਰੋ । |

| | | |
|---|---|---|
| | 4. ਪੀਲੇ ਧੱਬੇ :<br>ਇਹ ਬਿਮਾਰੀ ਫੁੱਲ ਗੋਭੀ ਦੇ ਪੱਤਿਆਂ ਅਤੇ ਫੁੱਲਾਂ ਤੇ ਪੈਦਾ ਹੁੰਦੀ ਹੈ । ਪੱਤਿਆਂ ਉਤੇ ਪੀਲੇ-ਪੀਲੇ ਬੇਤਰਤੀਬੇ ਨੁਕਰਾਂ ਵਾਲੇ ਨਿਸ਼ਾਨ ਪੈ ਜਾਂਦੇ ਹਨ ਅਤੇ ਚਿੱਟਾ ਜਿਹਾ ਮਾਦਾ ਉੱਗ ਪੈਂਦਾ ਹੈ । ਗੋਭੀ ਦਾ ਫੁੱਲ ਉਤੋਂ ਭੂਰਾ ਹੋ ਜਾਂਦਾ ਹੈ । ਤਣੇ ਉਤੇ ਕਾਲੇ ਭੂਰੇ ਰੰਗ ਦੇ ਚਿੱਟੇ ਜਿਹੇ ਮਾਦੇ ਦੇ ਨਿਸ਼ਾਨ ਪੈ ਜਾਂਦੇ ਹਨ । ਗੰਭੀਰ ਹਾਲਤਾਂ ਵਿੱਚ ਗੋਭੀ ਦਾ ਫੁੱਲ ਗਲ ਜਾਂਦਾ ਹੈ ਅਤੇ ਬੀਜ ਨਹੀਂ ਬਣਦਾ ।<br> | ਇਸ ਰੋਗ ਤੋਂ ਬਚਣ ਲਈ ਇੰਡੋਫਿਲ ਐਮ-45 ਦਾ ਛਿੜਕਾਅ ਕਰੋ । ਛਿੜਕਾਅ ਲਈ 500 ਗ੍ਰਾਮ ਦਵਾਈ 200 ਲਿਟਰ ਪਾਣੀ ਵਿੱਚ ਇੱਕ ਏਕੜ ਲਈ ਕਾਫ਼ੀ ਹੋਵੇਗੀ । ਛਿੜਕਾਅ 7 ਦਿਨਾਂ ਦਾ ਵਕਫ਼ਾ ਰੱਖ ਕੇ ਕਰੋ । |
| | 5. ਗੋਭੀ ਦੇ ਤਣੇ ਦਾ ਗਾਲਾ :<br>ਇਹ ਬਿਮਾਰੀ ਬੀਜ ਵਾਲੀ ਫ਼ਸਲ ਨੂੰ ਲੱਗਦੀ ਹੈ । ਤਣੇ, ਫੁੱਲ ਅਤੇ ਸ਼ਾਖਾਂ ਭੂਰੇ ਰੰਗ ਦੀਆਂ ਹੋ ਕੇ ਮਾਰਚ ਵਿੱਚ ਸੁੱਕ ਜਾਂਦੀਆਂ ਹਨ । ਪੌਦੇ ਦਾ ਵਿਚਲਾ ਹਿੱਸਾ ਕਾਲੇ ਸਖ਼ਤ ਮਾਦੇ ਨਾਲ ਭਰ ਜਾਂਦਾ ਹੈ ਜੋ ਕਿ ਅਸਲ ਵਿੱਚ ਵੱਖੋ-ਵੱਖ ਆਕਾਰ ਦੇ ਉੱਲੀ ਦੇ ਜੀਵਾਣੂ ਹੁੰਦੇ ਹਨ । | ਜਿਸ ਰਕਬੇ ਵਿੱਚ ਬਿਮਾਰੀ ਆਉਂਦੀ ਹੋਵੇ ਉੱਥੇ ਰੂੜੀ ਦੀ ਖਾਦ ਪਾਉਣ ਨਾਲ ਬਿਮਾਰੀ ਦਾ ਘੱਟ ਹਮਲਾ ਹੁੰਦਾ ਹੈ । ਉੱਲੀ ਦੇ ਬੀਜਾਣੂਆਂ ਦੀ ਗਿਣਤੀ ਵੀ ਘੱਟ ਜਾਂਦੀ ਹੈ । |

| | | |
|---|---|---|
| |  | |
| ਮਿਰਚ/ਸ਼ਿਮਲਾ ਮਿਰਚ | 1. ਫ਼ਲ ਗਲਣਾ ਅਤੇ ਟਹਿਣੀਆਂ ਦਾ ਸੁੱਕਣਾ :<br>ਜਿਉਂ ਹੀ ਫ਼ਲ ਪੱਕਣਾ ਸ਼ੁਰੂ ਹੁੰਦਾ ਹੈ ਤਾਂ ਫ਼ਲਾਂ ਵਾਲੀਆਂ ਟਹਿਣੀਆਂ ਦੇ ਸਿਰੇ ਸੁੱਕਣੇ ਸ਼ੁਰੂ ਹੋ ਜਾਂਦੇ ਹਨ । ਗੂੜ੍ਹੇ, ਕਾਲੇ, ਡੂੰਘੇ, ਧੱਬੇ ਫ਼ਲਾਂ ਉਤੇ ਨਜ਼ਰ ਆਉਂਦੇ ਹਨ ਜੋ ਗੁਲਾਬੀ ਭਾਅ ਮਾਰਦੇ ਹਨ।<br> | ੳ) ਬੀਜਣ ਤੋਂ ਪਹਿਲਾਂ ਬੀਜ ਨੂੰ 2 ਗ੍ਰਾਮ ਥੀਰਮ ਦਵਾਈ ਨਾਲ ਇਕ ਕਿਲੋ ਬੀਜ ਦੇ ਹਿਸਾਬ ਸੋਧੋ ।<br>ਅ) ਫ਼ਸਲ ਤੇ 750 ਗ੍ਰਾਮ ਇੰਡੋਫਿਲ ਐਮ 45 ਜਾਂ ਬਲਾਈਟੌਕਸ ਨੂੰ 250 ਲਿਟਰ ਪਾਣੀ ਵਿਚ ਪ੍ਰਤੀ ਏਕੜ ਘੋਲ ਕੇ 10 ਦਿਨ ਦੇ ਵਕਫੇ ਤੇ ਛਿੜਕਾਅ ਕਰੋ । ਪਹਿਲਾ ਛਿੜਕਾਅ ਬਿਮਾਰੀ ਸ਼ੁਰੂ ਹੋਣ ਤੇ, (ਜੁਲਾਈ ਦੇ ਪਹਿਲੇ ਹਫ਼ਤੇ) ਅਤੇ ਇਸ ਤੋਂ ਬਾਅਦ ਤਿੰਨ ਛਿੜਕਾਅ ਕਰੋ । |

| | | |
|---|---|---|
| | 2. ਸਲ੍ਹਾਭ ਨਾਲ ਗਲਣਾ :<br>ਇਸ ਰੋਗ ਦਾ ਨਵੀਆਂ ਟਾਹਣੀਆਂ, ਫੁੱਲਾਂ ਅਤੇ ਫ਼ਲਾਂ ਤੇ ਹਮਲਾ ਹੁੰਦਾ ਹੈ ਜਿਸ ਨਾਲ ਗਲੇ ਹੋਏ ਹਿੱਸਿਆਂ ਤੇ ਉੱਲੀ ਦੇ ਕਾਲੇ ਬਰੀਕ ਕਣ ਦਿਖਾਈ ਦਿੰਦੇ ਹਨ । ਇਹ ਬਿਮਾਰੀ ਭਾਰੀ ਵਰਖਾ ਪਿਛੋਂ ਬੜੀ ਭਿਆਨਕ ਹੁੰਦੀ ਹੈ ।<br> | ਇਸ ਰੋਗ ਦਾ ਨਵੀਆਂ ਟਾਹਣੀਆਂ, ਫੁੱਲਾਂ ਅਤੇ ਫ਼ਲਾਂ ਤੇ ਹਮਲਾ ਹੁੰਦਾ ਹੈ ਜਿਸ ਨਾਲ ਗਲੇ ਹੋਏ ਹਿੱਸਿਆਂ ਤੇ ਉੱਲੀ ਦੇ ਕਾਲੇ ਬਰੀਕ ਕਣ ਦਿਖਾਈ ਦਿੰਦੇ ਹਨ । ਇਹ ਬਿਮਾਰੀ ਭਾਰੀ ਵਰਖਾ ਪਿਛੋਂ ਬੜੀ ਭਿਆਨਕ ਹੁੰਦੀ ਹੈ । ਇਸ ਦੀ ਰੋਕਥਾਮ ਲਈ ਫ਼ਲ ਦੇ ਗਲਣ ਅਤੇ ਟਾਹਣੀਆਂ ਦੇ ਸੁੱਕਣ ਵਾਲੀ ਬਿਮਾਰੀ ਦੀ ਰੋਕਥਾਮ ਵਾਲੇ ਹੀ ਉਪਾਅ ਕਰੋ । |
| | 3. ਠੂਠੀ ਰੋਗ :<br>ਇਸ ਵਿਸ਼ਾਣੂੰ ਰੋਗ ਨਾਲ ਪੱਤੇ ਥੱਲੇ ਨੂੰ ਮੁੜ ਜਾਂਦੇ ਹਨ । ਨਾੜੀਆਂ ਫੁੱਲ ਜਾਂਦੀਆਂ ਹਨ । ਪੌਦੇ ਝਾੜੀਆਂ ਵਾਂਗ ਬਣ ਜਾਂਦੇ ਹਨ । ਫੁੱਲ ਅਤੇ ਫ਼ਲ ਨਹੀਂ ਲੱਗਦੇ । ਇਹ ਬਿਮਾਰੀ ਚਿੱਟੀ ਮੱਖੀ ਰਾਹੀਂ ਫੈਲਦੀ ਹੈ ।<br> | ੳ) ਰੋਗੀ ਪੌਦੇ ਪਹਿਲੀ ਨਿਸ਼ਾਨੀ ਦਿਸਦਿਆਂ ਹੀ ਪੁੱਟ ਕੇ ਨਸ਼ਟ ਕਰ ਦਿਓ ।<br>ਅ) ਪੌਦਿਆਂ ਨੂੰ ਨਰਸਰੀ ਅਤੇ ਖੇਤ ਵਿਚ ਚਿੱਟੀ ਮੱਖੀ ਤੋਂ ਬਚਾਉਣ ਲਈ 400 ਮਿਲੀਲਿਟਰ ਮੈਲਾਥੀਆਨ 50% ਤਾਕਤ ਪ੍ਰਤੀ ਏਕੜ ਦੇ ਹਿਸਾਬ ਨਾਲ 100 ਤੋਂ 125 ਲਿਟਰ ਪਾਣੀ ਵਿਚ ਘੋਲ ਕੇ 15-20 ਦਿਨ ਦੇ ਵਕਫ਼ੇ ਤੇ ਛਿੜਕਾਓ। |

| | | |
|---|---|---|
| | 4. ਚਿਤਕਬਰਾ ਰੋਗ :<br>ਪੱਤਿਆਂ ਉੱਤੇ ਗੂੜ੍ਹੇ ਹਰੇ ਤੇ ਹਲਕੇ ਹਰੇ ਰੰਗ ਦੇ ਚਟਾਖ ਪੈ ਜਾਂਦੇ ਹਨ । ਪੱਤੇ ਛੋਟੇ ਬੇਢੰਗੇ ਹੋ ਜਾਂਦੇ ਹਨ । ਬਾਅਦ ਵਿਚ ਪੀਲੇ ਪੈ ਜਾਂਦੇ ਹਨ । ਇਹ ਰੋਗ ਤੇਲੇ ਰਾਹੀਂ ਫ਼ੈਲਦਾ ਹੈ ।<br> | ੳ) ਰੋਗੀ ਪੌਦਿਆਂ ਨੂੰ ਪੁੱਟ ਕੇ ਨਸ਼ਟ ਕਰੋ ।<br>ਅ) ਬੀਜ ਰੋਗ ਰਹਿਤ ਪੌਦਿਆਂ ਤੋਂ ਹੀ ਲਉ ।<br>ੲ) ਪੌਦਿਆਂ ਨੂੰ ਘੱਟ ਤੋਂ ਘੱਟ ਛੂਹਣਾ ਚਾਹੀਦਾ ਹੈ ।<br>ਸ) ਤੇਲੇ ਦੀ ਰੋਕਥਾਮ ਲਈ ਮੈਲਾਥੀਆਨ ਦਵਾਈ 400 ਮਿਲੀਲਿਟਰ 50% ਤਾਕਤ ਨੂੰ ਪ੍ਰਤੀ ਏਕੜ ਦੇ ਹਿਸਾਬ 100-125 ਲਿਟਰ ਪਾਣੀ ਵਿਚ ਘੋਲ ਕੇ 15-20 ਦਿਨ ਦੇ ਵਕਫ਼ੇ ਤੇ ਛਿੜਕੋ । |
| ਪਾਲਕ | ਧੱਬਿਆਂ ਦਾ ਰੋਗ:<br>ਛੋਟੇ-ਛੋਟੇ ਗੋਲ ਧੱਬੇ ਜਿਨ੍ਹਾਂ ਦੇ ਕੇਂਦਰ ਵਿੱਚ ਸਲੇਟੀ ਤੇ ਕਿਨਾਰੇ ਲਾਲੀ ਤੇ ਹੁੰਦੇ ਹਨ, ਪੱਤਿਆਂ ਤੇ ਪੈ ਜਾਦੇ ਹਨ । ਬੀਜ ਲਈ ਰੱਖੀ ਫ਼ਸਲ ਤੇ ਇਸ ਨਾਲ ਵਧੇਰੇ ਨੁਕਸਾਨ ਹੁੰਦਾ ਹੈ । | ਬੀਜ ਵਾਲੀ ਫ਼ਸਲ ਤੇ 200 ਗ੍ਰਾਮ ਬਾਵਿਸਟਨ ਜਾਂ 600 ਗ੍ਰਾਮ ਇੰਡੋਫਿਲ ਐਮ 45, 200 ਲਿਟਰ ਪਾਣੀ ਪ੍ਰਤੀ ਏਕੜ ਥਾਂ ਤੇ ਪੰਦਰਾਂ ਦਿਨ ਦੇ ਵਕਫੇ ਤੇ ਛਿੜਕਾਅ ਕਰੋ । ਤਿੰਨ ਛਿੜਕਾਅ ਹੀ ਕਾਫ਼ੀ ਹਨ। |